بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 29.12.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਕਾਦੀਆਂ ਵਿੱਚ ਜਲਸੇ ਵਿੱਚ ਸ਼ਾਮਲ ਹੋਣ ਵਾਲੇ ਦੁਆਵਾਂ ਉਪੱਰ ਬਹੁਤ ਜ਼ੋਰ ਦੇਣ ਅਤੇ ਇਸ ਜਲਸੇ ਵਿੱਚ ਸ਼ਾਮਲ ਹੋਣ ਨੂੰ ਆਪਣੇ ਅੰਦਰ ਇਕ ਇਨਕਲਾਬੀ ਪਰਿਵਰਤਨ ਲਿਆਉਣ ਵਾਲਾ ਬਨਾਉਣ**

---------------------------------

**ਮੁਸਲਮਾਨਾਂ ਦੀ ਹਿਦਾਇਤ ਲਈ ਦੁਆਵਾਂ ਕਰਨ, ਸਾਧਾਰਣ ਤੌਰ'ਤੇ ਦੁਨੀਆਂ ਦੇ ਹਾਲਾਤਾਂ ਲਈ ਵੀ ਦੁਆਵਾਂ ਕਰਨ ਅਲੱਾਹ ਤਆਲਾ ਸਾਰਿਆਂ ਮਨੁਖੱਾਂ ਨੂੰ ਸੁਮਾਰਗ ਪ੍ਰਦਾਨ ਕਰੇ ਅਤੇ ਉਹ ਤਬਾਹੀ ਦੀ ਖੱਡ ਵਿੱਚ ਡਿਗਣੋ ਬੱਚ ਜਾਣ**

---------------------------------------------

**ਅਲੱਾਹ ਤਆਲਾ ਮੁਸਲਿਮ ਉਮੱਤ ਦੀਆਂ ਅਖੱਾਂ ਖੋਲੇ ਅਤੇ ਇਹ ਰੱਬ ਦੇ ਭੇਜੇ ਹੋਏ ਦੀ ਵਿਰੋਧਤਾਂ ਤੋਂ ਬਾਜ਼ ਆਣਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਹਾਇਕ ਤੇ ਮਦਦ ਕਰਨ ਕਰਨ ਵਾਲੇ ਹੋਣ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 29 ਦਸੰਬਰ 2017 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਰੱਬ ਦੀ ਮਿਹਰ ਨਾਲ ਕਾਦੀਆਂ ਦਾ ਸਾਲਾਨਾ ਜਲਸਾ ਸ਼ੁਰੂ ਹੋ ਚੁਕੱਾ ਹੈ । ਰੱਬ ਤੋਂ ਦੁਆ ਕਰੋ ਕਿ ਜਲਸੇ ਦੇ ਤਿੰਨ ਦਿਨ ਓਥੇ ਖ਼ੈਰ ਖ਼ੂਬੀ ਨਾਲ ਲੰਘਣ ਅਤੇ ਜਿੰਨ੍ਹਾ ਉਦੇਸ਼ਿਆਂ ਲਈ ਉਹ ਆਏ ਹਨ ਉਹ ਮੰਤਵ ਹਾਸਲ ਕਰਨ ਵਾਲੇ ਹੋਣ ਅਤੇ ਉਹ ਉਦੇਸ਼ ਹੈ ਰੱਬ ਦੀ ਹਜ਼ੂਰੀ ਵਿੱਚ ਦੁਆਵਾਂ ਕਰਨਾ ਅਤੇ ਆਪਣੀਆਂ ਕਰਮ ਰੂਪੀ ਅਵਸਥਾਵਾਂ ਨੂੰ ਠੀਕ ਕਰਨ ਦਾ ਜਤਨ ਕਰਨਾ ਅਤੇ ਦੁਆਵਾਂ ਨੂੰ ਆਪਣੀ ਵਿਅਕਤੀਗੱਤ ਸੀਮਾਵਾਂ ਤੱਕ ਹੀ ਸੀਮਤ ਨਹੀਂ ਰਖੱਣਾ ਸਗੋਂ

ਜਮਾਤ ਦੀ ਤਰੱਕੀ ਲਈ ਵਿਸ਼ੇਸ਼ ਦੁਆਵਾਂ ਕਰਨੀਆਂ । ਜਮਾਤ ਦੇ ਵਿਰੋਧੀ ਜੋ ਜਮਾਤ ਨੂੰ ਹਾਣ ਪਹੁੰਚਾਉਣ ਲਈ ਦੁਨੀਆ ਦੇ ਕਿਸੇ ਵੀ ਭਾਗ ਵਿੱਚ ਵਿਉਂਤਬੰਦੀ ਕਰ ਰਹੇ ਹਨ, ਉਹਨਾ ਨੂੰ ਤੋੜਨ ਲਈ ਰੱਬ ਦੀ ਵਿਸ਼ੇਸ਼ ਮਦਦ ਤੇ ਸਹਾਇਤਾ ਲਈ ਦੁਆਵਾਂ ਕਰਨੀਆਂ । ਰੱਬ ਉਹਨਾਂ ਦੀਆਂ ਸ਼ਰਾਰਤਾਂ ਤੋਂ ਸਾਨੂੰ ਸੁਰੱਖਿਅਤ ਰੱਖੇ । ਇਸੇ ਪ੍ਰਕਾਰ ਮੁਸਲਮਾਨਾ ਦੀ ਸਾਧਾਰਣ ਅਵਸਥਾ ਲਈ ਦੁਆਵਾਂ ਕਰਨੀਆ ਚਾਹੀਦੀਆਂ ਹਨ । ਰੱਬ ਤੇ ਉਸ ਦੇ ਰਸੂਲ ਦੇ ਨਾਂ'ਤੇ ਕੁਝ ਦਲ, ਧੜੇ ਜਾਂ ਸਰਕਾਰਾਂ ਜੋ ਹਰਕਤਾਂ ਕਰ ਰਹੀਆਂ ਹਨ, ਜੋ ਜ਼ੁਲਮ ਕਰ ਰਹੇ ਹਨ, ਮੁਸਲਮਾਨ ਮੁਸਲਮਾਨ ਨੂੰ ਜਿਵੇਂ ਮਾਰ ਰਿਹਾ ਹੈ, ਜਿਵੇਂ ਕਤਲੇ ਆਮ ਹੋ ਰਿਹਾ ਹੈ, ਉਹਨਾਂ ਲਈ ਵੀ ਦੁਆਵਾਂ ਕਰਨਾ ਅੱਜ ਸਾਡਾ ਕੰਮ ਹੈ । ਕਿਉਂਕਿ ਰੱਬ ਅਤੇ ਸਾਡੇ ਆਕਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਨਾਂ'ਤੇ ਸਾਰੇ ਫ਼ਿਰਕੇ ਜ਼ੁਲਮ ਅਤਿਆਚਾਰ ਕਰ ਰਹੇ ਹਨ ਅਤੇ ਅਜਿਹਾ ਅਤਿਅਚਾਰਾਂ ਕਰ ਰਹੇ ਹਨ ਕਿ ਇਹਨਾਂ ਜ਼ੁਲਮਾ ਕਰਕੇ ਗ਼ੈਰ ਮੁਸਲਿਮ ਦੁਨੀਆ ਵਿੱਚ ਇਸਲਾਮ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਨਾਂ'ਤੇ ਇਤਰਾਜ ਕੀਤੇ ਜਾ ਰਹੇ ਹਨ ਅਤੇ ਇਹਨਾਂ ਗਲੱਾਂ ਨਾਲ ਵੀ ਅਸੀਂ ਅਹਮਦੀਆਂ ਦੇ ਦਿਲ ਹੀ ਜ਼ਖ਼ਮੀ ਹੁੰਦੇ । ਸੋ, ਇਸ ਲਈ ਵੀ ਸਾਨੂੰ ਦੁਆਵਾਂ ਕਰਨੀਆਂ ਚਾਹੀਦੀਆਂ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਜਿਸ ਉਦੇਸ਼ ਲਈ ਭੇਜੇ ਗਏ ਸਨ ਉਸ ਲਈ ਵੀ ਦੁਆਵਾਂ ਕਰੋ ਅਤੇ ਉਹ ਮੰਤਵ ਹੈ ਮੁਸਲਮਾਨਾ ਦੀ ਹਿਦਾਇਤ ਅਤੇ ਗ਼ੈਰ ਮੁਸਨਲਮਾਨਾ ਨੂੰ ਵੀ ਇਸਲਾਮ ਦੀ ਵਾਸਤਵਿਕਤਾ ਤੋਂ ਜਾਣੂ ਕਰਾਉਂਣਾ ਅਤੇ ਉਹਨਾਂ'ਤੇ ਇਸਲਾਮ ਦੀ ਵੱਡਿਆਈ ਸਾਬਤ ਕਰਕੇ ਉਹਨਾਂ ਨੂੰ ਇਸਲਾਮ ਦੀ ਗੋਦ ਵਿੱਚ ਲਿਆਉਣਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਝੰਡੇ ਹੇਠ ਲਿਆਉਣਾ, ਇਕ ਈਸ਼ਵਰਵਾਦ ਉਪੱਰ ਕਾਇਮ ਕਰਨਾ । ਇਸੇ ਪ੍ਰਕਾਰ ਸਾਧਾਰਣ ਤੌਰ'ਤੇ ਹਾਲਤਾਂ ਲਈ ਦੁਆਵਾਂ ਵੀ ਕਰਨ । ਅਲੱਾਹ ਤਆਲਾ ਸਾਰਿਆਂ ਮਨੁਖੱਾਂ ਨੂੰ ਅਕਲ ਦੇਵੇ ਅਤੇ ਤਬਾਹੀ ਦੇ ਖੱਡ ਵਿੱਚ ਡਿਗੱਣ ਤੋਂ ਬੱਚ ਜਾਣ । ਅੱਜ ਦੁਨੀਆ ਨੂੰ ਮਸੀਹ ਮੌਊਦ ਅਲੈਹਿ ਸਲਾਮ ਦੇ ਮੰਨ੍ਹਣ ਵਾਲਿਆਂ ਦੀਆਂ ਦੁਆਵਾਂ ਦੀ ਬਹੁਤ ਅਧਿਕ ਲੋੜ ਹੈ ।

ਅਲੱਾਹ ਤਆਲਾ ਦੁਨੀਆ ਨੂੰ ਅਕਲ ਦੇਵੇ, ਮੁਸਲਾਮਾਨ ਉਮੱਤ ਨੂੰ ਅਕਲ ਦੇਵੇ ਅਤੇ ਇਹ ਲੋਕ ਇਸ ਵਾਸਤਵਿਕਤਾ ਨੂੰ ਸਮਝਣ ਕਿ ਰੱਬ ਦੇ ਭੇਜੇ ਹੋਏ ਫ਼ਰਸਤਾਦੇ ਨੂੰ ਮੰਨੇ ਬਿਨਾ ਨ ਉਹਨਾ ਦਾ ਜੀਵਨ ਹੈ ਅਤੇ ਨ ਹੀ ਉਹਨਾਂ ਦੀ ਮੁਕਤੀ ਹੈ, ਅਤੇ ਨਵੇ ਸਾਲ ਵਿੱਚ ਜੱਦ ਇਹ ਦਾਖ਼ਲ ਹੋਣ ਤਾਂ ਇਸ ਗੱਲ ਨੂੰ ਸਮਝਦੇ ਹੋਏ ਦਾਖ਼ਲ ਹੋਣ । ਰੱਬ ਕਰੇ ਕਿ ਇਹਨਾਂ ਨੂੰ ਅਕਲ ਆ ਜਾਵੇ । ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ ਦੁਆ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਕੁਝ ਕਥਨ ਪੇਸ਼ ਕਰਾਂਗਾ :-

ਦੁਆਵਾਂ ਦੀ ਪਰਵਾਨਗੀ ਲਈ ਇਕ ਬੁਨਿਆਦੀ ਤੇ ਉਸੂਲੀ ਗੱਲ ਵਰਨਣ ਕਰਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

'ਜੱਦ ਤੱਕ ਦਿਲ ਸਾਫ਼ ਨ ਹੋਵੇ ਦੁਆ ਪਰਵਾਨ ਨਹੀਂ ਹੁੰਦੀ । ਜੇਕਰ ਕਿਸੇ ਸੰਸਾਰਕ ਮਾਮਲੇ ਵਿੱਚ ਇਕ ਵਿਅਕਤੀ ਨਾਲ ਵੀ ਤੇਰੇ ਮਨ ਵਿੱਚ ਕੀਨਾ ਹੈ ਤਾਂ ਤੇਰੀ ਦੁਆ ਕੁਬੂਲ ਨਹੀਂ ਹੋ ਸਕਦੀ । ਸੰਸਾਰਕ ਮਾਮਲੇ ਵਿੱਚ ਕਿਸੇ ਨਾਲ ਕੀਨਾ ਨਹੀਂ ਰਖੱਣਾ ਚਾਹੀਦਾ ਅਤੇ ਸੰਸਾਰ ਤੇ ਇਸ ਦੇ ਸਬਬ ਕੀ ਅਸਥਾਨ ਰਖੱਦੇ ਹਨ ਕਿ ਇਸ ਦੀ ਖ਼ਾਤਰ ਤੁਸੀਂ ਕਿਸੇ ਨਾਲ ਦੁਸ਼ਮਣੀ ਕਰੋ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਦੁਆਵਾਂ ਦੀ ਪਰਵਾਨਗੀ ਲਈ ਇਹ ਅਤਿ ਜ਼ਰੂਰੀ ਹੈ ਕਿ ਵਿਅਕਤੀਗੱਤ ਰੰਜਸ਼ਾਂ ਤੇ ਵੈਰ ਵਿਰੋਧ ਨੂੰ ਭੁਲਾ ਦਿਤੱਾ ਜਾਵੇ ਅਤੇ ਰੱਬ ਦੀ ਹਜ਼ੂਰੀ ਵਿੱਚ ਗਿੜਗੜਾਉਂਦਿਆਂ ਹੋਇਆਂ

ਆਪਣੇ ਪਾਪਾਂ ਦੀ ਮੁਆਫ਼ੀ ਮੰਗੀ ਜਾਵੇ ਅਤੇ ਭਵਿੱਖ ਲਈ ਆਪਣੇ ਮਨ ਸਾਫ਼ ਰਖੱਣ ਲਈ ਵੀ ਰੱਬ ਤੋਂ ਮਦਦ ਮੰਗੀ ਜਾਵੇ । ਅੱਜ ਜੋ ਅਹਮਦੀਅਤ ਦੇ ਵਿਰੋਧੀ ਹਨ ਆਪਣੀ ਵਿਰੋਧਤਾ ਪੂਰਨ ਕਾਰਵਾਈਆਂ ਵਿੱਚ ਅੱਗੇ ਵਧੇ ਹੋਏ ਹਨ ਸਾਨੂੰ ਇਕ ਹੋਕੇ ਰੱਬ ਦੀ ਹਜ਼ੂਰੀ ਵਿੱਚ ਆਪਣੀਆਂ ਦੁਆਵਾਂ ਨਾਲ ਹਾਜ਼ਰ ਹੋਣਾ ਚਾਹੀਦਾ ਹੈ । ਜੱਦ ਮਨੁੱਖ ਬੇਚੈਨ ਹੋਕੇ ਚਿੰਤਾ ਵਿੱਚ ਰੱਬ ਦੀ ਹਜ਼ੂਰੀ ਵਿੱਚ ਹਾਜ਼ਰ ਹੁੰਦਾ ਹੈ ਉਸ ਤੋਂ ਦੁਆ ਮੰਗਦਾ ਹੈ ਤਾਂ ਰੱਬ ਵੀ ਉਸ ਦੀ ਮਦਦ ਨੂੰ ਆਉਂਦਾ ਹੈ । ਸੋ, ਇਸ ਵਾਸਤਵਿਕਤਾ ਨੂੰ ਹਮੇਸ਼ਾ ਸਾਹਮਣੇ ਰਖੱਣਾ ਚਾਹੀਦਾ ਹੈ ਅਤੇ ਕਦੇ ਇਸ ਤੋਂ ਬੇ ਪਰਵਾਹ ਨਹੀਂ ਹੋਣਾ ਚਾਹੀਦਾ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਚੇਤੇ ਰੱਖੋ ਕਿ ਰੱਬ ਬਹੁਤ ਬੇਨਿਆਜ਼ ਹੈ, ਜੱਦ ਤੱਕ ਬਹੁਤ ਵਾਰ ਅਤੇ ਵਾਰ ਵਾਰ ਚਿੰਤਾ ਨਾਲ ਦੁਆ ਨਹੀਂ ਕੀਤੀ ਜਾਂਦੀ ਉਹ ਪਰਵਾਹ ਨਹੀਂ ਕਰਦਾ । ਦੇਖੋ ਕਿਸੇ ਦੀ ਪਤਨੀ ਜਾਂ ਬਚੱਾ ਬਿਮਾਰ ਹੋਵੇ ਜਾਂ ਕਿਸੇ ਮੁਕਦਮੇ ਵਿੱਚ ਗ੍ਰਿਸਿਆ ਹੋਵੇ ਤਾਂ ਇਹਨਾਂ ਗਲੱਾਂ ਲਈ ਕਿੰਨ੍ਹੀ ਚਿੰਤਾ ਹੁੰਦੀ ਹੈ । ਹਰ ਪ੍ਰਕਾਰ ਦੀ ਚਿੰਤਾ ਦੀ ਅਵਸਥਾ ਵਿੱਚ ਰੱਬ ਦਾ ਵੁਜੂਦ ਹੀ ਹੈ ਜੋ ਕੰਮ ਆਉਂਦਾ ਹੈ, ਉਹੋ ਹੈ ਜੋ ਦੁਆਵਾਂ ਨੂੰ ਸੁਣਦਾ ਹੈ ਅਤੇ ਆਪਣੇ ਬੰਦਿਆਂ ਦੀ ਮਦਦ ਕਰਦਾ ਹੈ ।

ਹਜ਼ੂਰ ਅਨਵਰ ਨੇ ਫ਼ਮਾਇਆ : ਸੋ, ਮੈਂ ਕਾਦੀਆਂ ਵਾਲਿਆਂ ਨੂੰ ਸੰਬੋਧਤ ਹਾਂ ਕਿ ਅੱਜ ਕੱਲ ਵਿਸ਼ੇਸ਼ ਰੂਹਾਨੀ ਵਾਤਾਵਰਣ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਨਗਰੀ ਵਿੱਚ ਰਹਿ ਰਹੇ ਹਨ ਓਥੇ ਕੁਝ ਦਿਨ ਲੰਘਾਉਂਣੇ ਹਨ ਆਪਣੀਆਂ ਨਮਾਜ਼ਾਂ ਵਿੱਚ, ਆਪਣੇ ਨਫ਼ਲਾਂ ਵਿੱਚ ਇਕ ਅਜਿਹੀ ਅਵਸਥਾ ਪੈਦਾ ਕਰਨ ਦਾ ਜਤਨ ਕਰੋ ਜੋ ਚਿੰਤਾ ਦੀ ਅਵਸਥਾ ਹੁੰਦੀ ਹੈ ਅਤੇ ਸਾਧਾਰਣ ਤੌਰ'ਤੇ ਜਮਾਤ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ । ਏਧਰ ਉਧੱਰ ਦੀਆਂ ਗਲੱਾਂ ਦੀ ਥਾਂ ਬਹੁਤਾ ਸਮਾਂ ਦੁਆਵਾਂ ਵਿੱਚ ਅਤੇ ਇਲਾਹੀ ਸਿਮਰਣ ਵਿੱਚ ਲੱਘਾਉਂਣਾ ਚਾਹੀਦਾ ਹੈ । ਬੇਚੈਨ ਹੋਕੇ ਰੱਬ ਵੱਲ ਝੁਕੱਣ ਤਾਂ ਜੋ ਅਹਮਦੀਆਂ ਲਈ ਜਿੱਥੇ ਵੀ ਮਾੜੇ ਹਾਲਾਤ ਹਨ ਰੱਬ ਆਪਣੀ ਮਿਹਰ ਨਾਲ ਉਹਨਾਂ ਵਿੱਚ ਬਿਹਤਰੀ ਪੈਦਾ ਕਰੇ ਅਤੇ ਵੈਰੀ ਨੂੰ ਅਸਫ਼ਲ ਤੇ ਬੇਮੁਰਾਦਾ ਕਰੇ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਜੋ ਰੱਬ ਦੀ ਹਜ਼ੂਰੀ ਵਿੱਚ ਮਨ ਦੀ ਪੀੜ੍ਹਾ ਨਾਲ ਹੰਝੂ ਵਰਾਉਂਦਾ ਹੈ ਅਤੇ ਉਸ ਦੀਆਂ ਸੀਮਾਵਾਂ ਤੇ ਅਦੇਸ਼ਾਂ ਨੂੰ ਸਨਮਾਨ ਦੀ ਦ੍ਰਿਸ਼ਟੀ ਨਾਲ ਦੇਖਦਾ ਹੈ ਉਹ ਰੱਬ ਦੀਆਂ ਮਿਹਰਾਂ ਵਿੱਚੋਂ ਅਵਸ਼ ਹਿਸੱਾ ਲਏਗਾ । ਇਸ ਲਈ ਸਾਡੀ ਜਮਾਤ ਨੂੰ ਚਾਹੀਦਾ ਹੈ ਕਿ ਉਹ ਤਹਜੱਦੁ ਨੂੰ ਆਪਣੇ'ਤੇ ਲਾਜ਼ਮ ਕਰ ਲੈਂਣ । ਜੋ ਬਹੁਤਾ ਨਹੀਂ ਦੋ ਹੀ ਰਕਅਤਾਂ ਪੜ੍ਹ ਲੈਂਣ ਕਿਉਂਕਿ ਇਸ ਉਸ ਨੂੰ ਦੁਆ ਕਰਨ ਦਾ ਮੌਕਾ ਤਾਂ ਮਿਲ ਜਾਏਗਾ । ਇਸ ਸਮੇਂ ਦੁਆਵਾਂ ਵਿੱਚ ਇਕ ਵਿਸ਼ੇਸ਼ ਪ੍ਰਭਾਵ ਹੁੰਦਾ ਹੈ । ਕਿਉਂਕਿ ਉਹ ਸੱਚੀ ਪੀੜ੍ਹਾ ਤੇ ਜੋਸ਼ ਨਾਲ ਨਿਕਲਦੀ ਹੈ । ਜੱਦ ਤੱਕ ਵਿਸ਼ੇਸ਼ ਪੀੜ੍ਹਾ ਤੇ ਮਨ ਦੀ ਪੀੜ੍ਹਾ ਨ ਹੋਵੇ ਉਸ ਸਮੇਂ ਤੱਕ ਇਕ ਵਿਅਕਤੀ ਵਿਰਾਮ ਅਵਸਥਾ ਤੋਂ ਜਾਗਰੂਕ ਕਿਵੇਂ ਹੋ ਸਕਦਾ ਹੈ । ਸੋ, ਇਸ ਸਮੇਂ ਦਾ ਉਠੱਣਾ ਹੀ ਇਕ ਮਨ ਦੀ ਪੀੜ੍ਹਾ ਪੈਦਾ ਕਰ ਦਿੰਦਾ ਹੈ, ਪਰ ਜੇਕਰ ਉਠੱਣ ਵਿੱਚ ਸੁਸਤੀ ਤੇ ਗ਼ਫ਼ਲਤ ਨਾਲ ਕੰਮ ਲੈਂਦਾ ਹੈ ਤਾਂ ਪ੍ਰਗਟ ਹੈ ਕਿ ਉਹ ਦਰਦੇ ਦਿਲ ਤੇ ਮਨ ਦੀ ਪੀੜ੍ਹਾ ਨਾਲ ਕੰਮ ਨਹੀਂ ਲੈਂਦਾ ਕਿਉਂਕਿ ਨੀਂਦ ਤਾਂ ਦੁੱਖ ਨੂੰ ਦੂਰ ਕਰ ਦਿੰਦੀ ਹੈ ਪਰ ਜੱਦ ਨੀਂਦਰ ਤੋਂ ਜਾਗਦਾ ਹੈ ਤਾਂ ਪਤਾ ਲਗੱਦਾ ਹੈ ਕਿ ਪੀੜ੍ਹਾ ਤੇ ਨੀਂਦਰ ਤੋਂ ਵੀ ਵਧੱਕੇ ਕੋਈ ਦਰਦ ਹੈ ਜੋ ਮਨ ਨੂੰ ਜਾਗਰੂਕ ਕਰ ਰਿਹਾ ਹੈ ।

ਹਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਫਿਰ ਇਕ ਹੋਰ ਗੱਲ ਵੀ ਜ਼ਰੂਰੀ ਹੈ ਜੋ ਸਾਡੀ ਜਮਾਤ ਨੂੰ ਧਾਰਣ ਕਰਨੀ ਚਾਹੀਦੀ ਹੈ ਅਤੇ ਉਹ ਇਹ ਹੈ ਕਿ ਜ਼ੁਬਾਨ ਨੂੰ ਫ਼ਜ਼ੂਲ ਗਲੱਾਂ ਤੋਂ ਪਾਕ ਰੱਖਿਆ ਜਾਵੇ । ਜ਼ੁਬਾਨ ਵੁਜੂਦ ਦੀ ਡਿਓੜ੍ਹੀ ਹੈ ਅਤੇ ਜ਼ੁਬਾਨ ਨੂੰ ਪਾਕ ਕਰਨ ਤੋਂ ਭਾਵ ਰੱਬ ਵੁਜੂਦ ਦੀ ਡਿਓੜ੍ਹੀ ਵਿੱਚ ਆ ਜਾਂਦਾ ਹੈ । ਜੱਦ ਰੱਬ

ਵੁਜੂਦ ਦੀ ਡਿਓੜ੍ਹੀ ਵਿੱਚ ਆ ਗਿਆ ਤਾਂ ਫਿਰ ਅੰਦਰ ਆਉਣ ਵਿੱਚ ਕੀ ਅਚੰਭਾ ਹੈ । ਆਪ ਫ਼ਰਮਾਉਂਦੇ ਹਨ : ਫਿਰ ਚੇਤੇ ਰੱਖੋ ਕਿ ਹਕੂਕੁਲੱਾਹ (ਰੱਬ ਦੇ ਅਧਿਕਾਰ) ਅਤੇ ਹਕੂਕੁਲ ਇਬਾਦ (ਰੱਬ ਦੇ ਬੰਦਿਆਂ ਦੇ ਅਧਿਕਾਰ) ਵਿੱਚ ਜਾਣ ਬੁਝੱਕੇ ਗ਼ਫ਼ਲਤ ਨ ਕੀਤੀ ਜਾਵੇ । ਜੋ ਇਹਨਾਂ ਕਾਰਜਾਂ ਨੂੰ ਸਾਹਮਣੇ ਰਖੱਕੇ ਦੁਆਵਾਂ ਨਾਲ ਕੰਮ ਲਏਗਾ, ਅਸੀਂ ਵਿਸ਼ਵਾਸ ਰਖੱਦੇ ਹਾਂ ਕਿ ਰੱਬ ਉਸ'ਤੇ ਅਪਣੀ ਮਿਹਰ ਕਰੇਗਾ ਅਤੇ ਉਹ ਬੱਚ ਜਾਏਗਾ ।

ਫਿਰ ਆਪ ਫ਼ਰਮਾਉਂਦੇ ਹਨ ਕਿ ਪਾਪ ਇਕ ਵਿਸ਼ ਹੈ ਜੋ ਮਨੁੱਖ ਨੂੰ ਮਾਰ ਮੁਕਾਉਂਦਾ ਹੈ ਅਤੇ ਰੱਬ ਦੇ ਪ੍ਰਕੋਪ ਨੂੰ ਭੜਕਾਉਂਦਾ ਹੈ । ਪਾਪ ਤੋਂ ਕੇਵਲ ਰੱਬ ਦਾ ਖ਼ੌਫ ਤੇ ਉਸਦਾ ਪ੍ਰੇਮ ਹੀ ਬਚਾਉਂਦਾ ਹੈ । ਆਪ ਫ਼ਰਮਾਉਂਦੇ ਹਨ ਕਿ ਦੁਆ ਦੀ ਲੜੀ ਨੂੰ ਨ ਤੋੜੋ ਅਤੇ ਤੋਬਾ ਤੇ ਖਿਮਾ ਜਾਚਨਾ ਤੋਂ ਕੰਮ ਲਓ । ਉਹੋ ਦੁਆ ਲਾਹੇਵੰਦ ਹੁੰਦੀ ਹੈ ਜੱਦ ਮਨ ਰੱਬ ਅੱਗੇ ਪੰਘਰ ਜਾਵੇ ਅਤੇ ਰੱਬ ਤੋਂ ਬਿਨਾ ਹੋਰ ਕੋਈ ਦਿਖਾਈ ਨ ਦੇਵੇ । ਜੋ ਰੱਬ ਵੱਲ ਭਜੱਦਾ ਹੈ ਅਤੇ ਚਿੰਤਾ ਨਾਲ ਅਮਨ ਦਾ ਇਛੁੱਕ ਹੁੰਦਾ ਹੈ ਅਖੀਰ ਉਹ ਬੱਚ ਜਾਂਦਾ ਹੈ ।

ਹਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਮਨੁੱਖ ਨੂੰ ਚਾਹੀਦਾ ਹੈ ਕਿ ਕਿਸੇ ਔਕੁੜ ਦੇ ਪੈਣ ਤੋਂ ਬਿਨਾ ਵੀ ਦੁਆ ਕਰਦਾ ਰਹੇ ਕਿਉਂਕਿ ਉਸਨੂੰ ਕੀ ਪਤਾ ਕਿ ਰੱਬ ਦੀ ਕੀ ਇਰਾਦੇ ਹਨ ਅਤੇ ਕੱਲ ਕੀ ਹੋਣ ਵਾਲਾ ਹੈ, ਸੋ, ਪਹਿਲਾਂ ਤੋਂ ਹੀ ਦੁਆ ਕਰੋ ਤਾਂ ਜੋ ਬਚਾਏ ਜਾਓ । ਆਪ ਫ਼ਰਮਾਉਂਦੇ ਹਨ ਕਿ ਕਈ ਬਲਾ ਇਉਂ ਆਉਂਦੀ ਹੈ ਕਿ ਮਨੁੱਖ ਨੂੰ ਦੁਆ ਦਾ ਮੌਕਾ ਹੀ ਨਹੀਂ ਮਿਲਦਾ । ਸੋ, ਪਹਿਲਾਂ ਹੀ ਜੇਕਰ ਦੁਆ ਕਰ ਰੱਖੀ ਹੋਵੇ ਤਾਂ ਔਖੇ ਵੇਲੇ ਕੰਮ ਆਉਂਦੀ ਹੈ ।

ਫਿਰ ਇਕ ਗੱਲ ਵਰਨਣ ਕਰਦਿਆਂ ਹੋਇਆਂ ਕਿ ਕੁਰਆਨ ਕਰੀਮ ਜੋ ਹੈ ਇਸ ਦਾ ਅਰੰਭ ਵੀ ਦੁਆ ਹੈ ਅਤੇ ਅੰਤ ਵੀ ਦੁਆ'ਤੇ ਹੈ ਆਪ ਫ਼ਰਮਾਉਂਦੇ ਹਨ : ਚੇਤੇ ਰੱਖੋ ਕਿ ਰੱਬ ਨੇ ਕੁਰਆਨ ਕਰੀਮ ਦਾ ਅਰੰਮ ਵੀ ਦੁਆ ਨਾਲ ਕੀਤਾ ਹੈ ਅਤੇ ਫਿਰ ਇਸ ਨੂੰ ਖ਼ਤਮ ਵੀ ਦੁਆ ਦੁਆ'ਤੇ ਹੀ ਕੀਤਾ ਹੈ । ਸੂਰਤ ਫ਼ਾਤਿਹਾ ਵੀ ਦੁਆ ਹੈ ਅਤੇ ਸੂਰਤ ਨਾਸ ਵੀ ਦੁਆਾ ਹੈ । ਇਸ ਦਾ ਅਰਥ ਇਹ ਹੈ ਕਿ ਮਨੁੱਖ ਅਜਿਹਾ ਕਮਜ਼ੋਰ ਹੈ ਕਿ ਰੱਬ ਦੀ ਮਿਹਰ ਤੋਂ ਬਿਨਾ ਪਾਕ ਹੋ ਹੀ ਨਹੀਂ ਸਕਦਾ ਅਤੇ ਜੱਦ ਤੱਕ ਰੱਬ ਤੋਂ ਮਦਦ ਅਤੇ ਸਹਾਇਤਾ ਨ ਮਿਲੇ ਨੇਕੀ ਵਿੱਚ ਤਰੱਕੀ ਕਰ ਹੀ ਨਹੀਂ ਸਕਦਾ । ਫ਼ਰਮਾਇਆ ਇਕ ਹਦੀਸ ਵਿੱਚ ਆਇਆ ਹੈ ਕਿ ਸਾਰੇ ਮੁਰਦੇ ਹਨ ਪਰ ਜਿਸ ਨੂੰ ਰੱਬ ਜੀਉਂਦਾ ਕਰੇ ਅਤੇ ਸਾਰੇ ਗੁੰਮਰਾਹ ਹਨ ਪਰ ਰੱਬ ਜਿਸ ਨੂੰ ਸੁਮਾਰਗ ਪ੍ਰਦਾਨ ਕਰੇ ਅਤੇ ਸਾਰੇ ਅੰਨ੍ਹੇ ਹਨ ਪਰ ਰੱਬ ਜਿਸ ਨੂੰ ਚਾਨ੍ਹਣ ਪ੍ਰਦਾਨ ਕਰੇ। ਫ਼ਰਮਾਇਆ, ਇਹ ਗੱਲ ਸੱਚੀ ਹੈ ਕਿ ਜੱਦ ਤੱਕ ਰੱਬ ਦੀ ਮਿਹਰ ਹਾਸਲ ਨਹੀਂ ਹੁੰਦੀ ਤੱਦ ਤੱਕ ਸੰਸਾਰਕ ਮੋਹ ਦਾ ਪਟਾ ਗੱਲ੍ਹ ਦਾ ਹਾਰ ਬਣਿਆ ਰਹਿੰਦਾ ਹੈ ਅਤੇ ਉਹੋ ਉਸ ਤੋਂ ਖ਼ਲਾਸੀ ਪਾਉਂਦੇ ਹਨ ਜਿੰਨ੍ਹਾ'ਤੇ ਰੱਬ ਆਪਣੀ ਮਿਹਰ ਕਰਦਾ ਹੈ ਪਰ ਚੇਤੇ ਰਖੱਣਾ ਚਾਹੀਦਾ ਹੈ ਕਿ ਰੱਬ ਦਾ ਫ਼ੈਜ਼ ਵੀ ਦੁਆ ਨਾਲ ਅਰੰਭ ਹੁੰਦਾ ਹੈ ਇਸ ਲਈ ਵੀ ਦੁਆ ਕਰਨੀ ਪਏਗੀ।

ਫਿਰ ਦੁਆਵਾਂ ਦੀ ਪਰਵਾਨਗੀ ਲਈ ਇਹ ਵੀ ਜ਼ਰੂਰੀ ਹੈ ਕਿ ਮਨੁੱਖ ਪ੍ਰਤੀਦਿਨ ਨੇਕੀਆਂ ਵਿੱਚ ਤਰੱਕੀ ਕਰੇ । ਰੱਬ ਦੀ ਸਹਾਇਤਾ ਉਹਨਾਂ ਦੇ ਨਾਲ ਹੀ ਹੁੰਦੀ ਹੈ ਜੋ ਹਮੇਸ਼ਾ ਨੇਕੀ ਵਿੱਚ ਅੱਗੇ ਪੈਰ੍ਹ ਮਾਰਦੇ ਹਨ ਇਕ ਥਾਂ ਠਹਿਰ ਨਹੀਂ ਜਾਂਦੇ ਅਤੇ ਉਹੋ ਹਨ ਜਿੰਨ੍ਹਾ ਦਾ ਅੰਤ ਚੰਗਾ ਹੁੰਦਾ ਹੈ ਕਈ ਲੋਕਾਂ ਨੂੰ ਅਸੀਂ ਦੇਖਿਆ ਹੈ ਕਿ ਉਹਨਾਂ ਵਿੱਚ ਬਹੁਤ ਸ਼ੌਕ, ਚਾਅ, ਵਲਵਲਾ ਅਤੇ ਪੀੜ੍ਹਾ ਹੁੰਦੀ ਹੈ ਪਰ ਅਗਾਂਹ ਜਾਕੇ ਉਕੱਾ ਹੀ ਠਹਿਰ ਜਾਂਦੇ ਹਨ ਅਤੇ ਅਖੀਰ ਉਹਨਾ ਦਾ ਅੰਜਾਮ (ਅੰਤ) ਚੰਗਾ ਨਹੀਂ ਹੁੰਦਾ । ਆਪ ਫ਼ਰਮਾਉਂਦੇ ਹਨ ਕਿ ਰੱਬ ਨੇ ਕੁਰਆਨ ਕਰੀਮ ਵਿੱਚ ਇਹ ਦੁਆ ਸਿਖਾਈ ਹੈ ਕਿ (اَصۡلِحۡ لِیۡ فِیۡ ذُرِّیَّتِیۡ) 'ਅਸਲਿਹਲੀ ਫ਼ੀ ਜ਼ੁਰੱਯਾਤੀ' ਕਿ ਮੇਰੀ ਪਤਨੀ ਤੇ ਬੱਚਿਆਂ ਦਾ ਸੁਧਾਰ ਕਰ । ਆਪਣੀ ਹਾਲਤ ਦੀ ਪਾਕ ਤਬਦੀਲੀ ਅਤੇ ਦੁਆਵਾਂ ਨਾਲ ਨਾਲ ਸੰਤਾਨ ਤੇ ਪਤਨੀ ਲਈ ਵੀ ਦੁਆ ਕਰਦੇ ਰਹਿਣਾ ਚਾਹੀਦਾ ਹੈ ਕਿਉਂਕਿ

ਬਹੁਤੇ ਫਿਤਨੇ ਸੰਤਾਨ ਕਰਕੇ ਮਨੁੱਖ'ਤੇ ਪੈ ਜਾਂਦੇ ਹਨ ਅਤੇ ਅਧਿਕਤਰ ਪਤਨੀ ਕਰਕੇ ਵੀ । ਇਹਨਾਂ ਦੇ ਸੁਧਾਰ ਲਈ ਵੀ ਪੂਰੇ ਧਿਆਨ ਨਾਲ ਦੁਆ ਕਰਨੀ ਚਾਹੀਦੀ ਹੈ ਅਤੇ ਇਸ ਲਈ ਦੁਆਾ ਕਰਦੇ ਰਹਿਣਾ ਚਾਹੀਦਾ ਹੈ । ਆਪ ਫ਼ਰਮਾਉਂਦੇ ਹਨ ਸਾਡੇ ਵੱਲੋਂ ਤਾਂ ਇਹੋ ਨਸੀਹਤ ਹੈ ਕਿ ਆਪ ਆਪਣੇ ਆਪ ਨੂੰ ਚੰਗਾ ਤੇ ਨੇਕ ਨਮੂਨਾ ਬਨਾਉਣ ਦਾ ਜਤਨ ਕਰਨ ਵਿੱਚ ਲੱਗੇ ਰਹੋ । ਜੱਦ ਤੱਕ ਫ਼ਰਿਸ਼ਤਿਆਂ ਜਿਹੀ ਅਵਸਥਾ ਦਾ ਬਣ ਜਾਵੇ ਤੱਦ ਤੱਕ ਕਿਵੇਂ ਕਿਹਾ ਜਾ ਸਕਦਾ ਹੈ ਕਿ ਕੋਈ ਪਾਕ ਹੋ ਗਿਆ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਮੁਬਾਰਕ ਉਹ ਕੈਦੀ ਜੋ ਦੁਆ ਕਰਦੇ ਹਨ ਅਤੇ ਥਕਦੇ ਹਨ ਕਿਉਂਕਿ ਇਕ ਦਿਨ ਰਿਹਾਈ ਪਾਉਣਗੇ । ਮੁਬਾਰਕ ਉਹ ਅੰਨ੍ਹੇ ਜੋ ਦੁਆਵਾਂ ਵਿੱਚ ਸੁਸਤ ਨਹੀਂ ਹੁੰਦੇ ਕਿਉਂਕਿ ਇਕ ਦਿਨ ਦੇਖਣ ਲੱਗ ਜਾਣਗੇ । ਮੁਬਾਰਕ ਉਹ ਜੋ ਕਬਰਾਂ ਵਿੱਚ ਪਏ ਹੋਏ ਦੁਆਵਾਂ ਨਾਲ ਰੱਬ ਦੀ ਮਦਦ ਚਾਹੁੰਦੇ ਹਨ ਕਿਉਂਕਿ ਇਕ ਦਿਨ ਕਬਰਾਂ'ਚੋਂ ਕੱਢੇ ਜਾਣਗੇ ।

ਫਿਰ ਆਪ ਸਾਨੂੰ ਧਿਆਨ ਦੁਆਉਂਦਿਆਂ ਹੋਇਆ ਫ਼ਰਮਾਉਂਦੇ ਹਨ :

ਮੁਬਾਰਕ ਤੁਸੀਂ ਜੋ ਦੁਆਵਾਂ ਕਰਨ ਵਿੱਚ ਕਦੇ ਵੀ ਢਿੱਲੇ ਨਹੀਂ ਹੁੰਦੇ, ਕਦੇ ਥਕਦੇ ਨਹੀਂ, ਸੁਸਤੀ ਨਹੀਂ ਦਿਖਾਉਂਦੇ ਅਤੇ ਤੁਹਾਡੀ ਰੂਹ ਦੁਆਵਾਂ ਲਈ ਪੰਘਰਦੀ ਹੈ ਅਤੇ ਤੁਹਾਡੀਆਂ ਅਖੱਾਂ ਹੰਝੂ ਵਾਰਾਉਦੀਆਂ ਹਨ ਅਤੇ ਤੁਹਾਡੇ ਹਿਰਦੇ ਵਿੱਚ ਇਕ ਅੱਗ ਜਿਹੀ ਪੈਦਾ ਕਰ ਦਿੰਦੀ ਹੈ ਅਤੇ ਤੁਹਾਨੂੰ ਏਕਾਂਤ ਦਾ ਅਨੰਦ ਚੁਕੱਣ ਲਈ ਹਨ੍ਹੇਰੀਆਂ ਕੋਠਰੀਆਂ ਅਤੇ ਸੁਨਸਾਨ ਜੰਗਲਾਂ ਵਿੱਚ ਲੈ ਜਾਂਦੀ ਹੈ ਅਤੇ ਤੁਹਾਨੂੰ ਬੇਚੈਨ ਤੇ ਦਿਵਾਨਾ ਅਤੇ ਆਪ ਹੁਦਰਾ ਬਣਾ ਦਿੰਦੀ ਹੈ ਕਿਉਂਕਿ ਅਖੀਰ ਤੁਹਾਡੇ'ਤੇ ਮਿਹਰ ਕੀਤੀ ਜਾਵੇਗੀ । ਉਹ ਰੱਬ ਜਿਸ ਵੱਲ ਅਸੀਂ ਬੁਲਾਉਂਦੇ ਹਾਂ ਅਤਿਅੰਤ ਕਰੀਮ ਤੇ ਰਹੀਮ ਅਤੇ ਹਯਾ ਵਾਲਾ ਤੇ ਸਚੱਾ ਵਫ਼ਾਦਾਰ ਨਿਮਾਣਿਆਂ'ਤੇ ਰਹਿਮ ਕਰਨ ਵਾਲਾ ਹੈ । ਸੋ, ਤੁਸੀਂ ਵੀ ਵਫ਼ਾਦਾਰ ਬਣ ਜਾਓ ਅਤੇ ਪੂਰੀ ਸਚੱਾਈ ਨਾਲ ਅਤੇ ਵਫ਼ਾਦਾਰੀ ਨਾਲ ਦੁਆ ਕਰੋ ਕਿ ਉਹ ਤੁਹਾਡੇ ਉਪੱਰ ਰਹਿਮ ਕਰੇ । ਦੁਨੀਆ ਦੇ ਰੌਲ੍ਹੇ ਰੱਪੇ ਤੋਂ ਅੱਡ ਹੋ ਜਾਓ ਅਤੇ ਭੌਤਕ ਝਗੜਿਆਂ ਦੀ ਰੰਗਤ ਧਰਮ ਨੂੰ ਨ ਚਾੜ੍ਹੋ । ਰੱਬ ਲਈ ਹਾਰ ਧਾਰਣ ਕਰ ਲਓ ਅਤੇ ਹਾਰ ਨੂੰ ਕੁਬੂਲ ਕਰ ਲਓ ਤਾਂ ਜੋ ਵੱਡੀਆਂ ਵੱਡੀਆ ਜਿਤੱਾਂ ਦੇ ਤੁਸੀਂ ਵਾਰਸ ਬਣ ਜਾਓ । ਦੁਆ ਕਰਨ ਵਾਲਿਆਂ ਨੂੰ ਰੱਬ ਚਮਤਕਾਰ ਦਿਖਾਏਗਾ ਅਤੇ ਮੰਗਣ ਵਾਲਿਆਂ ਨੂੰ ਇਕ ਹਟੱਕੇ ਨੇਮਤ ਦਿੱਤੀ ਜਾਵੇ ਗੀ । ਦੁਆ ਰੱਬ ਵੱਲੋਂ ਆਉਦੀ ਹੈ ਅਤੇ ਰੱਬ ਵੱਲ ਹੀ ਜਾਂਦੀ ਹੈ । ਦੁਆ ਨਾਲ ਰੱਬ ਐਨ੍ਹਾ ਨੇੜੇ ਹੋ ਹੋ ਜਾਂਦਾ ਹੈ ਜਿਵੇਂ ਤੁਹਾਡੀ ਜਾਨ ਤੁਹਾਡੇ ਨੇੜੇ ਹੈ । ਦੁਆ ਦੀ ਪਹਿਲੀ ਨੇਮਤ ਇਹ ਹੈ ਕਿ ਮਨੁੱਖ ਵਿੱਚ ਪਾਕ ਤਬਦੀਲੀ ਪੈਦਾ ਹੁੰਦੀ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਜੋ ਹੱਥਿਆਰ ਰੱਬ ਨੇ ਧਰਮ ਦੀ ਤਰੱਕੀ ਦਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਦਿਤੱਾ ਹੈ, ਉਹੋ ਹੀ ਆਪਦੇ ਮੰਨ੍ਹਣ ਵਾਲਿਆਂ ਨੂੰ ਵੀ ਵਰਤਨਾ ਹੋਵੇਗਾ । ਇਹੋ ਹੱਥਿਆਰ ਹੈ ਜੋ ਸਾਨੂੰ ਇੰਸ਼ਾਅਲੱਾਹ ਤਆਲਾ ਔਕੁੜਾਂ ਵਿੱਚੋਂ ਵੀ ਕੱਢੇਗਾ ਅਤੇ ਦੁਸ਼ਮਣ ਨੂੰ ਵੀ ਪਰਾਜਿਤ ਤੇ ਅਪਮਾਨਤ ਕਰੇਗਾ । ਸੋ, ਇਸ ਵੱਲ ਹਰ ਅਹਮਦੀ ਨੂੰ ਧਿਆਨ ਦੇਣ ਦੀ ਲੋੜ ਹੈ । ਅਖ਼ੀਰ ਵਿੱਚ ਹਜ਼ਰਤ ਮਸੀਹ ਅਲੈਹਿ ਸਲਾਮ ਦੀ ਇਕ ਦੁਆ ਜੋ ਆਪ ਨੇ ਮੁਸਲਿਮ ਉਮੱਤ ਲਈ ਕੀਤੀ ਹੈ ਪੇਸ਼ ਕਰਦਾ ਹਾਂ, ਆਪ ਫ਼ਰਮਾਉਂਦੇ ਹਨ :

ਹੇ ਮੇਰੇ ਰੱਬ, ਮੇਰੀ ਕੌਮ ਬਾਰੇ ਮੇਰੀ ਦੁਆ ਅਤੇ ਮੇਰੇ ਭਰਾਵਾਂ ਬਾਰੇ ਮੇਰੀ ਦੁਆ ਸੁਣ, ਮੈਂ ਤੇਰੇ ਨਬੀ ਖ਼ਾਤਾ ਮੁਨੱਬੀਯੀਨ ਅਤੇ ਪਾਪੀਆਂ ਲਈ ਸਫ਼ਾਰਸ਼ੀ ਜਿੰਨ੍ਹਾ ਦੀ ਸਫ਼ਾਰਸ਼ ਕੁਬੂਲ ਕੀਤੀ ਜਾਵੇਗੀ ਦਾ ਵਾਸਤਾ ਦੇਕੇ ਤੇਥੋਂ ਬਿਨਤੀ ਕਰਦਾ ਹਾਂ, ਹੇ ਮੇਰੇ ਰੱਬ, ਇਹਨਾਂ ਨੂੰ ਜ਼ੁਲਮਾਂ ਦੇ ਹਨ੍ਹੇਰਿਆਂ ਵਿੱਚੋਂ ਕਢੱਕੇ ਆਪਣੇ ਨੂਰ ਵੱਲ ਲੈ ਆ । ਹੇ ਮੇਰੇ ਰੱਬ

ਇਹਨਾਂ’ਤੇ ਰਹਿਮ ਕਰ ਜੋ ਮੇਰੇ ਉਪੱਰ ਲਾਨ੍ਹਤਾਂ ਪਾਉਂਦੇ ਹਨ ਅਤੇ ਜੋ ਹੱਥ ਕਟੱਦੇ ਹਨ । ਇਸ ਕੌਮ ਨੂੰ ਹਲਾਕਤ ਤੋਂ ਬਚਾ ਅਤੇ ਆਪਣੀ ਹਿਦਾਇਤ ਇਹਨਾਂ ਦੇ ਦਿਲਾਂ ਵਿੱਚ ਦਾਖ਼ਲ ਕਰ ਅਤੇ ਇਹਨਾਂ ਦੀਆਂ ਖ਼ਤਾਵਾਂ (ਕਮਜ਼ੋਰੀਆਂ) ਤੇ ਪਾਪਾਂ ਨੂੰ ਦਰਗੁਜ਼ਰ ਕਰ ਅਤੇ ਇਹਨਾਂ ਨੂੰ ਬਖ਼ਸ਼ ਦੇ ਅਤੇ ਇਹਨਾਂ ਨੂੰ ਚੰਗਾ ਕਰ ਦੇ ਅਤੇ ਇਹਨਾਂ ਦਾ ਸੁਧਾਰ ਕਰ ਅਤੇ ਇਹਨਾਂ ਨੂੰ ਪਾਕ ਕਰ ਦੇ ਤੇ ਇਹਨਾਂ ਨੂੰ ਅਜਿਹੀਆਂ ਅਖੱਾਂ ਪ੍ਰਦਾਨ ਕਰ ਜਿਸ ਤੋਂ ਸਮਝ ਸਕਣ, ਇਹਨਾਂ’ਤੇ ਰਹਿਮ ਕਰ ਅਤੇ ਜੋ ਕੁਝ ਉਹ ਕਹਿੰਦੇ ਹਨ ਉਹਨਾਂ ਨੂੰ ਇਸ’ਤੋਂ ਮੁਆਫ਼ ਕਰ ਕਿਉਂਕਿ ਉਹ ਅਜਿਹੀ ਕੌਮ ਹਨ ਜੋ ਜਾਣਦੇ ਨਹੀਂ । ਹੇ, ਮਰੇ ਰੱਬ, ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਅਤੇ ਆਪ ਜੀ ਦੇ ਬੁਲੰਦ ਮਰਤਬੇ ਦੇ ਸਦਕੇ ਅਤੇ ਉਹਨਾਂ ਦੇ ਸਦਕੇ ਜੋ ਰਾਤਾਂ ਨੂੰ ਕਯਾਮ ਕਰਦੇ ਹਨ ਅਤੇ ਸਵੇਰ ਸਮੇਂ ਜੰਗ ਕਰਦੇ ਹਨ ਅਤੇ ਉਹਨਾਂ ਸਵਾਰੀਆਂ ਦੇ ਸਦਕੇ ਜੋ ਰਾਤਾਂ ਨੂੰ ਤੇਜ਼ ਦੌੜਦੀਆਂ ਹਨ ਅਤੇ ਉਹਨਾਂ ਯਾਤਰਾਵਾਂ ਦੇ ਸਦਕੇ ਜੋ ਉਮੱਲਕੁਰਾ ਵੱਲ ਕੀਤੇ ਜਾਂਦੇ ਹਨ । ਸਾਡੇ ਅਤੇ ਸਾਡੇ ਭਰਾਵਾਂ ਵਿੱਚ ਮਿਤੱਰਤਾ ਦੇ ਸਾਧਨ ਬਣਾ ਦੇ ਅਤੇ ਉਹਨਾਂ ਦੀਆਂ ਅਖੱਾਂ ਖੋਲਦੇ ਅਤੇ ਉਹਨਾਂ ਦਿਲਾਂ ਨੂੰ ਰੋਸ਼ਨ ਕਰ ਅਤੇ ਉਹਨਾਂ ਨੂੰ ਉਹ ਕੁਝ ਸਮਝਾ ਦੇ ਜੋ ਤੂੰ ਮੈਨੂੰ ਸਮਝਾ ਦਿਤੱਾ ਹੈ ਅਤੇ ਉਹਨਾਂ ਨੂੰ ਸੰਜਮਤਾ ਦੇ ਤਰੀਕੇ ਸਿਖਾ ਦੇ ਅਤੇ ਜੋ ਕੁਝ ਲੰਘ ਚੁਕਿਆ ਉਸ ਤੋਂ ਉਹਨਾਂ ਨੂੰ ਮੁਆਫ਼ ਕਰ । ਸਾਡੀ ਅਖੀਰੀ ਦੁਆ ਇਹੋ ਹੈ ਕਿ ਸਾਰੀਆਂ ਉਸਤਤੀਆਂ ਰੱਬ ਲਈ ਹੀ ਹਨ ਜੋ ਉੱਚਿਆਂ ਅਕਾਸ਼ਾਂ ਦਾ ਰੱਬ ਹੈ ।

ਜੁਮਏ ਦੇ ਅਖੀਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ : ਅਲੱਾਹ ਤਆਲਾ ਮੁਸਲਿਮ ਉਮੱਤ ਦੀਆਂ ਅਖੱਾਂ ਖੋਲੇ ਅਤੇ ਇਹ ਰੱਬ ਦੇ ਭੇਜੇ ਹੋਏ ਦੀ ਵਿਰੋਧਤਾ ਤੋਂ ਬਾਜ਼ ਆਣਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਹਾਇਕ ਤੇ ਮਦਦਗਾਰ ਬਣਨ ਵਾਲੇ ਹੋਣ । ਅਲੱਾਹ ਤਆਲਾ ਸਾਨੂੰ ਵੀ ਦੁਆਵਾਂ ਦਾ ਹੱਕ ਪੂਰਾ ਕਰਨ ਵਾਲਾ ਬਣਾਏ ਵਿਸ਼ੇਸ਼ ਰੂਪ ਵਿੱਚ ਕਾਦੀਆਂ ਵਿੱਚ ਸਾਲਾਨਾ ਜਲਸੇ ਵਿੱਚ ਭਾਗ ਲੈਂਣ ਵਾਲੇ ਦੁਆਵਾਂ ਉਪੱਰ ਬਹੁਤ ਧਿਆਨ ਦੇਣ ਅਤੇ ਇਸ ਜਲਸੇ ਵਿੱਚ ਭਾਗ ਲੈਂਣ ਨੂੰ ਆਪਣੇ ਅੰਦਰ ਇਕ ਵਿਸ਼ੇਸ਼ ਤਬਦੀਲੀ ਲਿਆਉਣ ਵਾਲਾ ਬਨਾਉਣ । ਅਲੱਾਹ ਤਆਲਾ ਸਾਨੂੰ ਸਾਰਿਆਂ ਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ ।

**Khulasa Khutba Jumma 29.12.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131